# ਕਲਾ ਦੇ ਝਰੋਖੇ 'ਤੋਂ

**ਬਟਾਲਾ ਸ਼ਹਿਰ, ਸਾਹਿਤ ਅਤੇ ਸ਼ਿਵ ਕੁਮਾਰ :** 4 ਨਵੰਬਰ 1994, ਬਟਾਲਾ ਦੇ ਅਰਬਨ ਅਸਟੇਟ ਵਿਚ ਪੰਜਾਬੀ ਲੋਕ ਲਿਖਾਰੀ ਮੰਚ ਬਟਾਲਾ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਆਯੋਜਿਤ ਕੀਤਾ ਗਿਆ ਸਾਹਿਤ ਸਭਿਆਚਾਰਕ ਸਮਾਗਮ ਇਕ ਯਾਦਗਾਰੀ ਸਮਾਗਮ ਸੀ। ਪੰਜ ਹਜ਼ਾਰ ਦੇ ਕਰੀਬ ਦਰਸ਼ਕਾਂ ਨੇ ਗਈ ਰਾਤ ਤਕ ਇਸ ਸਮਾਗਮ ਵਿਚ ਸ਼ਿਰਕਤ ਕੀਤੀ। ਸਾਹਿਤਕ ਗੀਤਾਂ ਦੇ ਇਲਾਵਾ, ਕਵਿਤਾਵਾਂ ਅਤੇ ਨਾਟਕ ਇਸ ਸਮਾਗਮ 'ਤੇ ਪੇਸ਼ ਕੀਤੇ ਗਏ। ਸਮਾਗਮ ਦੇ ਅੰਤ ਵਿਚ ਸਟੇਜ 'ਤੇ ਕਿਤਾਬਾਂ ਦਾ ਸਟਾਲ ਲਗਾਇਆ ਗਿਆ। 1100 ਰੁ. ਦੇ ਕਰੀਬ ਦੇ ਮੁੱਲ ਦੀਆਂ ਕਿਤਾਬਾਂ ਵਿਕੀਆਂ। ਇਹ ਸਮਾਗਮ ਜਿਥੇ ਬਟਾਲਾ ਸ਼ਹਿਰ ਦੇ ਲੋਕਾਂ ਦਾ ਸਾਹਿਤ ਪ੍ਰਤੀ ਪਿਆਰ ਦੱਸਦਾ ਹੈ, ਉਥੇ ਇਹ ਵੀ ਸਾਬਤ ਕਰਦਾ ਹੈ ਕਿ ਲੋਕ ਜੇ ਉਚੀ ਸੁਰ ਵਾਲੇ ਲੋਕ ਗਾਇਕੀ ਦੇ ਸਮਾਗਮਾਂ ਵਿਚ ਭਾਰੀ ਗਿਣਤੀ ਵਿਚ ਇਕੱਠੇ ਹੁੰਦੇ ਹਨ ਤਾਂ ਉਹ ਸੰਜੀਦਾ ਸਾਹਿਤਕ, ਸਭਿਆਚਾਰਕ ਸਮਾਗਮਾਂ ਨੂੰ ਵੀ ਪੂਰੀ ਤਰ੍ਹਾਂ ਅਪਣਾਉਂਦੇ ਹਨ, ਸਿਰਫ ਸਾਰਥਕ ਯਤਨਾਂ ਦੀ ਲੋੜ ਹੈ।

ਸਮਾਗਮ 'ਤੇ ਆਏ ਸਾਹਿਤਕਾਰਾਂ ਅਤੇ ਕਲਾਕਾਰਾਂ ਨੂੰ ਪਰ ਉਸ ਵੇਲੇ ਇਕ ਧੱਕਾ ਜਿਹਾ ਲੱਗਾ ਜਦੋਂ ਉਹ ਅਗਲੀ ਸਵੇਰ ਸ਼ਿਵ ਕੁਮਾਰ ਦੀ ਯਾਦ ਵਿਚ ਉਸਾਰੇ ਜਾ ਰਹੇ ਆਡੀਟੋਰੀਅਮ ਨੂੰ ਵੇਖਣ ਗਏ। ਸਾਹਿਤ, ਸਰਕਾਰ ਵਲੋਂ ਹੋਰਨਾਂ ਸਰਗਰਮੀਆਂ ਦੇ ਮੁਕਾਬਲੇ ਵਿਚ ਇਕ ਅਣਗੌਲਿਆ ਵਿਸ਼ਾ ਹੈ ਇਸ ਕਥਨ ਦੀ ਇਕ ਮਿਸਾਲ ਇਹ ਆਡੀਟੋਰੀਅਮ ਹੈ। ਇਮਾਰਤੀ ਸਾਇੰਸ ਦੇ ਅਨੁਕੂਲ ਡਿਜ਼ਾਇਨ ਕੀਤਾ ਇਹ ਸ਼ਾਨਦਾਰ ਆਡੀਟੋਰੀਅਮ ਕਿੰਨੇ ਹੀ ਸਾਲਾਂ ਤੋਂ ਉਸਾਰੀ ਅਧੀਨ ਹੈ, ਪਰ ਇਹਦੇ ਮੁਕੰਮਲ ਹੋਣ ਦੇ ਕੋਈ ਆਸਾਰ ਨਹੀਂ। ਕ੍ਰੋੜ ਰੁਪਏ ਤੋਂ ਵੱਧ ਰਕਮ ਇਸ ਉਤੇ ਲਗ ਚੁੱਕੀ ਹੈ ਪਰ ਹੁਣ ਘਪਲਿਆਂ ਅਤੇ ਇਨਕੁਆਰੀਆਂ ਦੇ ਚੱਕਰ ਵਿਚ ਇਹ ਸਭ ਕੁਝ ਖਲੋਤਾ ਹੈ। ਬਟਾਲੇ ਦੀ ਮਿਉਂਸਪਲ ਕਮੇਟੀ ਜਾਂ ਗੁਰਦਾਸਪੁਰ ਜ਼ਿਲੇ ਦੇ ਅਧਿਕਾਰੀ ਜੋ ਯਾਦਗਾਰ ਕਮੇਟੀ ਦੇ ਮੈਂਬਰ ਹਨ, ਇਸ ਵਿਚ ਕੋਈ ਦਿਲਚਸਪੀ ਨਹੀਂ ਲੈ ਰਹੇ। ਫਰਸ਼ ਹਾਲੀ ਨਹੀਂ ਪਏ। ਛੱਤ ਜਿਹੜੀ ਐਸਬੈਸਟੋਜ਼ ਸੀਟਾਂ ਦੀ ਪਈ ਹੈ, ਉਸ ਵਿਚ ਥਾਂ ਥਾਂ 'ਤੇ ਮਘੋਰੇ ਪਏ ਹਨ। ਆਸ ਪਾਸ ਦੇ ਲੋਕ ਇਸ ਯਾਦਗਾਰ ਨੂੰ ਜੰਗਲ ਪਾਣੀ ਲਈ ਵਰਤਦੇ ਹਨ। ਇਕ ਸਾਹਿਤਕਾਰ ਦੀ ਯਾਦ ਵਿਚ ਬਣਾਇਆ ਜਾ ਰਿਹਾ ਹੈ ਆਡੀਟੋਰੀਅਮ, ਜਿਸ ਵਿਚ ਇਹ ਸੰਭਾਵਨਾ ਹੈ ਕਿ ਉਹ ਇਸ ਖੇਤਰ ਵਿਚ ਸਾਹਿਤਕ, ਸਭਿਆਚਾਰਕ ਸਰਗਰਮੀਆਂ ਦਾ ਕੇਂਦਰ ਬਣੇ, ਉਸ ਵੱਲ ਜਿਸ ਤਰ੍ਹਾਂ ਬੇਰੁਖੀ ਵਿਖਾਈ ਗਈ ਹੈ, ਜਾਂ ਵਿਖਾਈ ਜਾ ਰਹੀ ਹੈ, ਇਹ ਸਮੁੱਚੀ ਸਰਕਾਰ ਅਤੇ ਉਹਦੀ ਅਫਸਰਸ਼ਾਹੀ ਵਲੋਂ ਸਾਹਿਤ ਸਭਿਆਚਾਰ ਵੱਲ ਬੇਰੁੱਖੀ ਦੀ ਸੂਚਕ ਹੈ। ਦੱਸਿਆ ਗਿਆ ਕਿ 2 ਜਨਵਰੀ 1993, ਇਕ ਵੱਡਾ ਸਮਾਗਮ ਇਸੇ ਥਾਂ ਆਯੋਜਿਤ ਕੀਤਾ ਗਿਆ। ਇਸ ਵਿਚ ਮੰਤਰੀ ਜ਼ਿਲਾ ਅਧਿਕਾਰੀ ਸਭ ਆਏ ਸਨ। ਬੜੀਆਂ ਵੱਡੀਆਂ ਵੱਡੀਆਂ ਗੱਲਾਂ ਕੀਤੀਆਂ ਗਈਆਂ। ਪਰ ਉਸ ਤੋਂ ਬਾਅਦ ਬਾਈ ਮਹੀਨੇ ਬੀਤ ਜਾਣ ਉਤੇ ਵੀ ਇਸ ਆਡੀਟੋਰੀਅਮ ਵਿਚ ਨਾ ਹੀ ਕੋਈ ਇੱਟ ਹੋਰ ਲੱਗੀ ਤੇ ਨਾ ਹੀ ਕੋਈ ਸਮਾਗਮ ਹੋਇਆ। ਮੰਤਰੀ ਲਖਮੀਰ ਸਿੰਘ ਰੰਧਾਵਾ ਦੀ ਕੋਠੀ ਇਸ ਆਡੀਟੋਰੀਅਮ ਤੋਂ ਸਿਰਫ 200 ਗਜ਼ ਦੀ ਵਿੱਥ 'ਤੇ ਹੈ।

ਆ ਡਿੱਗਿਆ ਸਾਡੇ ਵਿਹੜੇ
ਪੰਛੀ ਸੱਤ ਸਮੁੰਦਰ ਪਾਰ ਤੋਂ ਆਇਆ
ਕੋਈ ਸ਼ੱਕ ਨਹੀਂ ਹੁਣ
ਆਦਮੀ ਪਹੁੰਚ ਗਿਆ ਉਸ ਜਗ੍ਹਾ।

ਲੋਕਾਂ ਦੀ ਸੁਹਜ ਸੰਵੇਦਨਾ ਦੇ ਵਿਕਾਸ ਲਈ ਸਾਹਿਤ ਦਾ ਘਰ ਘਰ ਪੁੱਜਣਾ ਬੜਾ ਜ਼ਰੂਰੀ ਹੈ। ਸ਼ਿਵ ਕੁਮਾਰ, ਬਟਾਲੇ ਦੀ ਸ਼ਾਨ ਸੀ ਪਰ ਉਹਦੀ ਯਾਦ ਵਿਚ ਬਣਾਇਆ ਜਾ ਰਿਹਾ ਇਹ ਆਡੀਟੋਰੀਅਮ ਹੁਣ ਬਟਾਲੇ ਲਈ ਧੱਬਾ ਬਣ ਕੇ ਰਹਿ ਗਿਆ ਹੈ। ਸਮੁੱਚੇ ਸਾਹਿਤਕਾਰਾਂ ਲਈ ਇਹ ਫਿਕਰ ਵਾਲੀ ਹੈ।

**ਕਿਤਾਬਾਂ ਦਾ ਸਭਿਆਚਾਰ :** ਉਹ ਸਾਹਿਤਕਾਰ ਜੋ ਸਮਾਜ ਵੱਲ ਆਪਣੀ ਪ੍ਰਤੀਨਿਧਤਾ ਬਾਰੇ ਚੇਤਨ ਹਨ, ਉਨ੍ਹਾਂ ਦਾ ਇਕ ਫਿਕਰ ਹੈ ਕਿ ਚੰਗਾ ਸਾਹਿਤ ਵੱਡੀ ਗਿਣਤੀ ਵਿਚ ਵਾਜਬ ਕੀਮਤ 'ਤੇ ਸਾਧਾਰਨ ਲੋਕਾਂ ਤੱਕ ਪੁੱਜੇ। ਕੇਂਦਰੀ ਪੰਜਾਬੀ ਲੇਖਕ ਸਭਾ ਇਸ ਮੰਤਵ ਲਈ ਆਪਣੇ ਯਤਨ ਪੂਰੀ ਤਰ੍ਹਾਂ ਜੁਟਾ ਰਹੀ ਹੈ। ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਜਿਸ ਦੀਆਂ ਇਸ ਦਿਸ਼ਾ ਵਿਚ ਸਰਗਰਮੀਆਂ, ਜਾਣੀਆਂ ਪਹਿਚਾਣੀਆਂ ਹਨ, ਉਹ ਕੇਂਦਰੀ ਸਭਾ ਨੂੰ ਪੂਰਾ ਸਹਿਯੋਗ ਦੇ ਰਹੀ ਹੈ। ਖੁਸ਼ੀ ਦੀ ਗੱਲ ਹੈ ਕਿ ਹੁਣ ਹੋਰ ਵੀ ਸੰਸਥਾਵਾਂ ਆਪਣੀ ਪੱਧਰ 'ਤੇ ਇਹ ਯਤਨ ਕਰ ਰਹੀਆਂ ਹਨ। ਇਸ ਸਿਲਸਿਲੇ ਵਿਚ ਗੁਰਦਾਸਪੁਰ ਦੇ ਜਨਵਾਦੀ ਪ੍ਰਕਾਸ਼ਮਾਨ ਮੰਚ ਦਾ ਨਾਂ ਹੁਣ ਇਕ ਉਭਰਵਾਂ ਨਾਂ ਹੈ। ਜਨਵਾਦੀ ਪ੍ਰਕਾਸ਼ਨ ਮੰਚ, ਸਾਹਿਤਕਾਰਾਂ ਦਾ ਇਕ ਸਹਿਯੋਗੀ ਪਰਿਵਾਰ ਚਲਾਉਂਦਾ ਹੈ, ਜਿਸ ਦੇ ਸੁਰਿੰਦਰ 'ਕਾਹਲੋਂ', ਤਲਵਿੰਦਰ ਸਿੰਘ, ਡਾ. ਸੁਰਿੰਦਰ ਸ਼ਾਂਤ, ਸੁਭਾਸ਼ ਕਲਾਕਾਰ, ਜਸਵੰਤ ਹਾਂਸ, ਡਾ. ਅਨੂਪ ਸਿੰਘ, ਸੁਲੱਖਣ ਸਰਹੱਦੀ ਅਤੇ ਮੱਖਣ ਕੁਹਾੜ ਮੈਂਬਰ ਹਨ। ਇਹ ਸਾਰੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਅਹੁਦੇਦਾਰ ਤੇ ਸਰਗਰਮ ਮੈਂਬਰ ਵੀ ਹਨ। ਆਪਣੀ ਆਪਣੀ ਵਿੱਤ ਮੁਤਾਬਿਕ ਵਿੱਤੀ ਯੋਗਦਾਨ ਪਾ ਕੇ ਇਹ ਪ੍ਰਕਾਸ਼ਕ ਮੰਚ ਨੂੰ ਚਲਾਉਂਦੇ ਹਨ। ਹਰ ਸਮਾਗਮ ਤੇ ਸਸਤੀ ਕੀਮਤ ਤੇ ਲੋਕਾਂ ਤਕ ਕਿਤਾਬਾਂ ਪੁੱਜਦੀਆਂ ਕਰਦੇ ਹਨ। ਹੁਣ ਤਕ ਬੜੀ ਹੀ ਸੋਹਣੀ ਦਿੱਖ ਵਾਲੀਆਂ ਅੱਠ ਕਿਤਾਬਾਂ ਇਸ ਪ੍ਰਕਾਸ਼ ਦੀ ਪੰਜਾਬੀ ਸਾਹਿਤ ਨੂੰ ਦੇਣ ਹੈ। ਇਸੇ ਤਰ੍ਹਾਂ ਅੰਮ੍ਰਿਤਸਰ ਵਿਚ ਡਾ. ਸ਼ਿਆਮ ਸੁੰਦਰ ਦੀਪਤੀ ਅਤੇ ਕੋਟਕਪੂਰਾ ਵਿਖੇ ਸ਼ਿਆਮ ਸੁੰਦਰ ਅਗਰਵਾਲ ਵੀ ਮਿੰਨੀ ਪ੍ਰਕਾਸ਼ ਇਨ੍ਹਾਂ ਲੀਹਾਂ 'ਤੇ ਚਲਾ ਰਹੇ ਹਨ। ਕਿਤਾਬਾਂ ਦੇ ਸਭਿਆਚਾਰ ਵਾਸਤੇ ਬਾਲ ਪ੍ਰੀਤ ਮਿਲਣੀ ਕਾਫਲਾ ਜੋ ਕੰਮ ਕਰ ਰਿਹਾ ਹੈ, ਉਹਦੀ ਇਕ ਇਤਿਹਾਸਕ ਦੇਣ ਹੈ। ਸਾਹਿਤਕਾਰਾਂ ਦੀ ਪ੍ਰਤੀਬੱਧਤਾ, ਪੰਜਾਬੀ ਸਾਹਿਤ ਲਈ ਅਤੇ ਪੰਜਾਬੀ ਲੋਕਾਂ ਲਈ ਇਕ ਸ਼ੁਭ ਸ਼ਗਨ ਹੈ।

**ਕਾਵਿਕ ਮੁਹਾਵਰਾ :** ਸਾਹਿਤਕਾਰਾਂ ਕੋਲ ਅਤੇ ਵਿਸ਼ੇਸ਼ ਕਰਕੇ ਕਵੀਆਂ ਕੋਲ ਆਪਣੀ ਗੱਲ ਕਹਿਣ ਦਾ ਇਕ ਕਾਵਿਕ ਮੁਹਾਵਰਾ ਹੈ ਜਿਸ ਦੀ ਮਹੱਤਤਾ ਅਤੇ ਪਹਿਚਾਣ ਸਾਧਾਰਨ ਲੋਕਾਂ ਤਕ ਜ਼ਰੂਰ ਜਾਣੀ ਚਾਹੀਦੀ ਹੈ। ਡਿਗਦੀਆਂ ਨੈਤਿਕ ਕੀਮਤਾਂ ਦੀ ਗੱਲ ਬੜੀ ਆਮ ਕੀਤੀ ਜਾਂਦੀ ਹੈ, ਪਰ ਸਾਹਿਤਕਾਰ ਜਿਸ ਸੂਖਮ ਤਰੀਕੇ ਨਾਲ ਇਹ ਗ਼ੱਲ ਕਹਿੰਦਾ ਹੈ, ਸੁਖਬੀਰ ਦੀ ਇਕ ਕਵਿਤਾ ਉਹਦੀ ਮਿਸਾਲ ਹੈ, ਜੋ 1987 ਦੀ ਚੋਣਵੀਂ ਕਵਿਤਾ ਵਿਚੋਂ ਲਈ ਗਈ ਹੈ :

**ਸਾਬੂਤ/ਸੁਖਬੀਰ**

ਸੱਤ ਸਮੁੰਦਰ ਪਾਰ ਤੋਂ
ਆਈ ਇਕ ਆਵਾਜ਼
ਆਦਮੀ ਦੀ ਆਵਾਜ਼ ਨਾਲ ਮਿਲਦੀ ਜੁਲਦੀ
ਲੋਕਾਂ 'ਚ ਗੱਲ ਫੈਲੀ
ਕਿ ਸੱਤ ਸਮੁੰਦਰ ਪਾਰ ਵੀ
ਵਸ ਗਏ ਨੇ ਆਦਮੀ।
ਹੁਣ ਆਦਮੀ ਦੀ ਜ਼ਿੰਦਗੀ ਨੂੰ
ਕਿਧਰੇ ਵੀ ਖਤਰਾ ਨਹੀਂ
ਘੁੰਮ ਫਿਰ ਸਕਦਾ ਹੈ ਦੂਰ ਤਕ
ਆਜ਼ਾਦ, ਬੇਫਿਕਰ।
ਅਚਾਨਕ ਰੌਲਾ ਪਿਆ
ਤੜਫਦਾ ਇਕ ਪੰਛੀ

**ਗੁਰਸ਼ਰਨ ਸਿੰਘ**